**Top 10 Q&As CERB**
# Canada Emergency Response Benefit (ਕੈਨੇਡਾ ਸੰਕਟਕਾਲ ਪ੍ਰਤੀਕਿਰਿਆ ਲਾਭ) ਬਾਬਤ ਸਵਾਲ ਅਤੇ ਜਵਾਬ

## ਮੈਨੂੰ ਕਿਵੇਂ ਪਤਾ ਚੱਲੇਗਾ ਕਿ ਕੀ ਮੈਂ EI (Employment Insurance - [ਰੁਜ਼ਗਾਰ ਬੀਮਾ]) ਲਾਭਾਂ ਵਾਸਤੇ ਅਰਜ਼ੀ ਦੇਣੀ ਹੈ ਜਾਂ Canada Emergency Response Benefit ਵਾਸਤੇ?

ਜੇ ਤੁਸੀਂ COVID-19 ਦੇ ਕਰਕੇ ਕੰਮ ਕਰਨਾ ਬੰਦ ਕਰ ਦਿੱਤਾ ਹੈ, ਤਾਂ ਤੁਹਾਨੂੰ Canada Emergency Response Benefit ਵਾਸਤੇ ਅਰਜ਼ੀ ਦੇਣੀ ਚਾਹੀਦੀ ਹੈ।

ਅਰਜ਼ੀ ਪ੍ਰਕਿਰਿਆ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਇੱਕ ਇਕਹਰੀ ਪੋਰਟਲ ਉਪਲਬਧ ਹੈ। ਤੁਹਾਨੂੰ ਕੁਝ ਸਰਲ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਜਾਵੇਗਾ ਜੋ ਤੁਹਾਡੀ ਪ੍ਰਸਥਿਤੀ ਲਈ ਸਭ ਤੋਂ ਵੱਧ ਢੁਕਵੀਂ ਅਰਜ਼ੀ ਭਰਨ ਲਈ ਤੁਹਾਨੂੰ ਸੇਧ ਦੇਣ ਵਿੱਚ ਮਦਦ ਕਰਨਗੇ।

ਕੋਈ ਵੀ ਵਿਅਕਤੀ ਜੋ 15 ਮਾਰਚ, 2020 ਨੂੰ ਜਾਂ ਇਸ ਤੋਂ ਬਾਅਦ EI ਦੇ ਬਕਾਇਦਾ ਜਾਂ ਬਿਮਾਰੀ ਸੰਬੰਧੀ ਲਾਭਾਂ ਵਾਸਤੇ ਯੋਗ ਹੋ ਗਿਆ ਸੀ, ਤੁਹਾਡੇ Employment Insurance (ਰੁਜ਼ਗਾਰ ਬੀਮਾ) ਦੇ ਦਾਅਵੇ ਨੂੰ ਸਵੈਚਲਿਤ ਤਰੀਕੇ ਨਾਲ Canada Emergency Response Benefit ਰਾਹੀਂ ਨਿਪਟਾਇਆ ਜਾਵੇਗਾ।

Employment Insurance ਦੇ ਹੋਰ ਲਾਭਾਂ ਵਾਸਤੇ, ਜਿਨ੍ਹਾਂ ਵਿੱਚ ਜਣੇਪਾ ਲਾਭ, ਮਾਪਾ ਲਾਭ, ਦੇਖਭਾਲ ਕਰਨ, ਮੱਛੀ ਪਕੜਨ ਅਤੇ ਕੰਮ-ਸਾਂਝਾ ਕਰਨ ਸੰਬੰਧੀ ਲਾਭ ਸ਼ਾਮਲ ਹਨ, ਤੁਹਾਨੂੰ ਉਸੇ ਤਰੀਕੇ ਨਾਲ ਅਰਜ਼ੀ ਦੇਣੀ ਜਾਰੀ ਰੱਖਣੀ ਚਾਹੀਦੀ ਹੈ ਜਿਵੇਂ ਤੁਸੀਂ ਆਮ ਤੌਰ 'ਤੇ ਕਰਦੇ ਹੋ।

## ਮੈਂ ਕਿਹੜੇ ਹਾਲਾਤਾਂ ਤਹਿਤ Canada Emergency Response Benefit ਵਾਸਤੇ ਅਰਜ਼ੀ ਦੇ ਸਕਦਾ/ਦੀ ਹਾਂ?

Canada Emergency Response Benefit ਉਹਨਾਂ ਲੋਕਾਂ ਵਾਸਤੇ ਉਪਲਬਧ ਹੈ ਜੋ COVID-19 ਨਾਲ ਸੰਬੰਧਿਤ ਕਾਰਨਾਂ ਕਰਕੇ ਕੰਮ ਕਰਨਾ ਬੰਦ ਕਰ ਦਿੰਦੇ ਹਨ, ਉਦਾਹਰਨ ਲਈ:

- ਤੁਹਾਡੀ ਨੌਕਰੀ ਚਲੀ ਗਈ ਹੈ;
- ਤੁਸੀਂ COVID-19 ਕਰਕੇ ਇਕਾਂਤਵਾਸ ਵਿੱਚ ਹੋ ਜਾਂ ਬਿਮਾਰ ਹੋ;
- ਤੁਸੀਂ ਹੋਰਨਾਂ ਲੋਕਾਂ ਦੀ ਦੇਖਭਾਲ ਕਰ ਰਹੇ ਹੋ ਕਿਉਂਕਿ ਉਹ COVID-19 ਕਰਕੇ ਇਕਾਂਤਵਾਸ ਵਿੱਚ ਹਨ ਜਾਂ ਬਿਮਾਰ ਹਨ; ਅਤੇ/ਜਾਂ
- ਤੁਸੀਂ ਬੱਚਿਆਂ ਜਾਂ ਤੁਹਾਡੇ 'ਤੇ ਨਿਰਭਰ ਹੋਰ ਲੋਕਾਂ ਦੀ ਦੇਖਭਾਲ ਕਰ ਰਹੇ ਹੋ ਕਿਉਂਕਿ ਉਹਨਾਂ ਦੀ ਦੇਖਭਾਲ ਕਰਨ ਵਾਲੀ ਸੁਵਿਧਾ COVID-19 ਕਰਕੇ ਬੰਦ ਹੋ ਗਈ ਹੈ।

ਇਹਨਾਂ ਉਦਾਹਰਨਾਂ ਤੋਂ ਇਲਾਵਾ COVID-19 ਨਾਲ ਸੰਬੰਧਿਤ ਹੋਰ ਕਾਰਨ ਵੀ ਹੋ ਸਕਦੇ ਹਨ ਜਿਨ੍ਹਾਂ ਕਰਕੇ ਤੁਸੀਂ ਕੰਮ ਕਰਨਾ ਬੰਦ ਕਰ ਦਿੱਤਾ ਹੋ ਸਕਦਾ ਹੈ। ਹਾਲਾਂਕਿ, ਤੁਸੀਂ ਸਵੈ-ਇੱਛਾ ਨਾਲ ਆਪਣੀ ਨੌਕਰੀ ਨਹੀਂ ਛੱਡ ਸਕਦੇ।

ਵਿਕਲਪਕ ਤੌਰ 'ਤੇ, ਤੁਸੀਂ Canada Emergency Response Benefit ਵਾਸਤੇ ਅਰਜ਼ੀ ਦੇ ਸਕਦੇ ਹੋ ਜੇ:

- ਤੁਸੀਂ Employment Insurance ਦੇ ਬਕਾਇਦਾ ਜਾਂ ਬਿਮਾਰੀ ਸੰਬੰਧੀ ਲਾਭਾਂ ਵਾਸਤੇ ਯੋਗ ਹੋ; ਜਾਂ
- ਤੁਸੀਂ Employment Insurance ਦੇ ਇੱਕ ਸਾਬਕਾ ਦਾਅਵੇਦਾਰ ਹੋ ਜਿਸ ਨੇ ਆਪਣੇ Employment Insurance ਦੇ ਬਕਾਇਦਾ ਲਾਭਾਂ ਵਾਸਤੇ ਆਪਣੀ ਹੱਕਦਾਰੀ ਨੂੰ 29 ਦਸੰਬਰ, 2019 ਅਤੇ 3 ਅਕਤੂਬਰ, 2020 ਵਿਚਕਾਰ ਵਰਤ ਲਿਆ ਸੀ।

Canada Emergency Response Benefit ਪ੍ਰਾਪਤ ਕਰਨ ਲਈ, ਤੁਸੀਂ ਆਪਣੇ ਦਾਅਵੇ ਦੇ ਸ਼ੁਰੂਆਤੀ ਚਾਰ ਹਫਤਿਆਂ ਦੀ ਮਿਆਦ ਦੇ ਅੰਦਰ ਘੱਟੋ-ਘੱਟ 14 ਲਗਾਤਾਰ ਦਿਨਾਂ ਦੀ ਮਿਆਦ ਲਈ $1,000 ਤੋਂ ਵੱਧ ਨਹੀਂ ਕਮਾ ਸਕਦੇ ਜਾਂ ਇਸ ਤੋਂ ਬਾਅਦ ਕੀਤੇ ਜਾਣ ਵਾਲੇ ਹਰ ਦਾਅਵੇ ਵਾਸਤੇ ਕੁੱਲ $1000 ਤੋਂ ਵੱਧ ਨਹੀਂ ਕਮਾ ਸਕਦੇ।

## Canada Emergency Response Benefit ਰਾਹੀਂ ਮੈਂ ਕਿੰਨ੍ਹੀ ਕੁ ਰਕਮ ਪ੍ਰਾਪਤ ਕਰ ਸਕਦਾ/ਦੀ ਹਾਂ?

ਜੇ ਤੁਸੀਂ ਯੋਗਤਾ ਦੀਆਂ ਲੋੜਾਂ ਪੂਰੀਆਂ ਕਰਦੇ ਹੋ, ਤਾਂ ਤੁਸੀਂ ਵੱਧ ਤੋਂ ਵੱਧ 24 ਹਫਤਿਆਂ ਲਈ ਪ੍ਰਤੀ ਹਫਤਾ $500 ਪ੍ਰਾਪਤ ਕਰੋਗੇ।

ਇਹ ਲਾਭ ਟੈਕਸਯੋਗ ਹੈ – ਜਦ ਤੁਸੀਂ 2020 ਟੈਕਸ ਸਾਲ ਵਾਸਤੇ ਆਪਣੀ ਆਮਦਨ ਟੈਕਸ ਰਿਟਰਨ ਦਾਇਰ ਕਰਦੇ ਹੋ ਤਾਂ ਤੁਹਾਡੇ ਕੋਲੋਂ ਇਸ ਬਾਰੇ ਰਿਪੋਰਟ ਕਰਨ ਦੀ ਉਮੀਦ ਕੀਤੀ ਜਾਵੇਗੀ।

**Canada Emergency Response Benefit ਕਦੋਂ ਉਪਲਬਧ ਹੋਵੇਗਾ?**
**ਇਹ ਲਾਭ 15 ਮਾਰਚ, 2020 ਤੋਂ ਲੈਕੇ 3 ਅਕਤੂਬਰ, 2020 ਤੱਕ ਉਪਲਬਧ ਹੈ। ਇਸ ਮਿਆਦ ਦੇ ਅੰਦਰ ਲੰਘ ਚੁੱਕੀ ਤਾਰੀਖ਼ ਤੋਂ ਪ੍ਰਭਾਵੀ ਭੁਗਤਾਨਾਂ ਵਾਸਤੇ ਤੁਸੀਂ 2 ਦਸੰਬਰ, 2020 ਤੱਕ ਹੀ ਅਰਜ਼ੀ ਦੇ ਸਕਦੇ ਹੋ। ਤੁਸੀਂ** ਏਥੇ ਅਰਜ਼ੀ ਦੇ ਸਕਦੇ ਹੋ।

**ਜੇ ਤੁਸੀਂ ਕੋਈ ਨਾਗਰਿਕ ਜਾਂ ਸਥਾਈ ਨਿਵਾਸੀ ਨਹੀਂ ਹੋ ਤਾਂ ਕੀ ਤੁਸੀਂ Canada Emergency Response Benefit ਪ੍ਰਾਪਤ ਕਰ ਸਕਦੇ ਹੋ?**
ਹਾਂ, ਜੇ ਤੁਸੀਂ ਯੋਗਤਾ ਦੀਆਂ ਲੋੜਾਂ ਪੂਰੀਆਂ ਕਰਦੇ ਹੋ, ਜਿਸ ਵਿੱਚ ਕੈਨੇਡਾ ਵਿੱਚ ਰਹਿਣਾ ਅਤੇ ਇੱਕ ਵੈਧ ਸੋਸ਼ਲ ਇੰਸ਼ਿਉਰੰਸ ਨੰਬਰ ਹੋਣਾ ਸ਼ਾਮਲ ਹੈ।

**Canada Emergency Response Benefit ਹਾਸਲ ਕਰਨ ਵਾਸਤੇ ਕੀ ਮੇਰਾ ਨੌਕਰੀ ਤੋਂ ਕੱਢੇ ਗਏ ਹੋਣਾ ਜ਼ਰੂਰੀ ਹੈ?**
ਨਹੀਂ।

ਜਿਹੜੇ ਕਾਮੇ ਅਜੇ ਵੀ ਆਪਣੀ ਕੰਪਨੀ ਨਾਲ ਜੁੜੇ ਹੋਏ ਹਨ ਉਹ Canada Emergency Response Benefit ਹਾਸਲ ਕਰ ਸਕਦੇ ਹਨ ਜੇ ਉਹ ਯੋਗਤਾ ਦੀਆਂ ਲੋੜਾਂ ਪੂਰੀਆਂ ਕਰਦੇ ਹਨ।

**ਜੇ ਮੈਨੂੰ ਪਹਿਲਾਂ ਹੀ Employment Insurance ਦੇ ਬਕਾਇਦਾ ਲਾਭ ਮਿਲ ਰਹੇ ਹਨ, ਤਾਂ ਕੀ ਮੈਨੂੰ Canada Emergency Response Benefit ਵਾਸਤੇ ਮੁੜ ਅਰਜ਼ੀ ਦੇਣੀ ਚਾਹੀਦੀ ਹੈ?**
ਨਹੀਂ।

ਜੇ ਤੁਹਾਨੂੰ ਪਹਿਲਾਂ ਹੀ Employment Insurance ਦੇ ਬਕਾਇਦਾ ਲਾਭ ਮਿਲ ਰਹੇ ਹਨ, ਤਾਂ ਤੁਹਾਨੂੰ ਆਪਣੀ ਲਾਭ ਮਿਆਦ ਦੇ ਅੰਤ ਤੱਕ ਇਹ ਲਾਭ ਮਿਲਣੇ ਜਾਰੀ ਰਹਿਣਗੇ।

ਤੁਹਾਨੂੰ ਇੱਕੋ ਮਿਆਦ ਵਾਸਤੇ Employment Insurance ਦੇ ਲਾਭ ਅਤੇ Canada Emergency Response Benefit ਦਾ ਭੁਗਤਾਨ ਨਹੀਂ ਕੀਤਾ ਜਾ ਸਕਦਾ।

**ਆਮਦਨ ਦੀਆਂ ਕਿਹੜੀਆਂ ਕਿਸਮਾਂ ਨੂੰ $5,000 ਦੀ ਰੁਜ਼ਗਾਰ ਅਤੇ/ਜਾਂ ਸਵੈ-ਰੁਜ਼ਗਾਰ ਆਮਦਨ ਵਿੱਚ ਗਿਣਿਆ ਜਾਂਦਾ ਹੈ?**
$5,000 ਵਿੱਚ ਸਭ ਤਰ੍ਹਾਂ ਦੀ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਆਮਦਨ ਸ਼ਾਮਲ ਹੈ। ਇਸ ਵਿੱਚ ਹੋਰਨਾਂ ਤੋਂ ਇਲਾਵਾ ਇਹ ਸ਼ਾਮਲ ਹਨ: ਉਹ ਬਖਸ਼ੀਸ਼ਾਂ ਜਿਨ੍ਹਾਂ ਨੂੰ ਤੁਸੀਂ ਆਮਦਨ ਵਜੋਂ ਘੋਸ਼ਿਤ ਕੀਤਾ ਹੈ, ਯੋਗਤਾ ਪੂਰੀ ਨਾ ਕਰਨ ਵਾਲੇ ਮੁਨਾਫੇ (dividends); ਮਾਣ-ਭੱਤਾ (ਉਦਾਹਰਨ ਲਈ ਸੰਕਟਕਾਲੀ ਸੇਵਾ ਦੇ ਵਲੰਟੀਅਰਾਂ ਨੂੰ ਦਿੱਤੀਆਂ ਜਾਂਦੀਆਂ ਨਿਗੂਣੀਆਂ ਰਕਮਾਂ) ਅਤੇ ਰੌਇਲਟੀਆਂ (ਉਦਾਹਰਨ ਲਈ ਜੋ ਕਲਾਕਾਰਾਂ ਨੂੰ ਦਿੱਤੀਆਂ ਜਾਂਦੀਆਂ ਹਨ)। ਜੇ ਤੁਸੀਂ Employment Insurance ਵਾਸਤੇ ਯੋਗ ਨਹੀਂ ਹੋ, ਤਾਂ ਤੁਸੀਂ ਉਹਨਾਂ ਜਣੇਪਾ ਲਾਭਾਂ ਅਤੇ ਮਾਪਿਆਂ ਨੂੰ ਮਿਲਣ ਵਾਲੇ ਲਾਭਾਂ (parental benefits) ਨੂੰ ਵੀ ਸ਼ਾਮਲ ਕਰ ਸਕਦੇ ਹੋ ਜੋ ਤੁਸੀਂ Employment Insurance ਪ੍ਰੋਗਰਾਮ ਤੋਂ ਪ੍ਰਾਪਤ ਕੀਤੇ ਹਨ ਅਤੇ/ਜਾਂ Quebec Parental Insurance Plan (ਕਿਊਬੈੱਕ ਦੀ ਮਾਪਿਆਂ ਵਾਸਤੇ ਬੀਮਾ ਯੋਜਨਾ) ਤਹਿਤ ਕਿਊਬੈੱਕ ਵਿੱਚ ਭੁਗਤਾਨ ਕੀਤੇ ਜਾਂਦੇ ਇਹੋ ਜਿਹੇ ਹੋਰ ਲਾਭ ਵੀ ਸ਼ਾਮਲ ਕਰ ਸਕਦੇ ਹੋ।

ਪੈਨਸ਼ਨ, ਵਿਦਿਆਰਥੀ ਕਰਜ਼ੇ ਅਤੇ ਵਜ਼ੀਫਿਆਂ ਨੂੰ ਰੁਜ਼ਗਾਰ ਆਮਦਨ ਵਜੋਂ ਨਹੀਂ ਵਿਚਾਰਿਆ ਜਾਂਦਾ ਹੈ ਅਤੇ ਇਹਨਾਂ ਨੂੰ ਸ਼ਾਮਲ ਨਹੀਂ ਕਰਨਾ ਚਾਹੀਦਾ।

**ਕੀ $5,000 ਦੀ ਘੱਟੋ-ਘੱਟ ਆਮਦਨ ਕੈਨੇਡਾ ਵਿੱਚ ਕਮਾਈ ਜਾਣੀ ਜ਼ਰੂਰੀ ਹੈ?**
ਨਹੀਂ।

ਜ਼ਰੂਰੀ ਨਹੀਂ ਕਿ ਆਮਦਨ ਕੈਨੇਡਾ ਵਿੱਚ ਕਮਾਈ ਗਈ ਹੋਵੇ, ਪਰ ਤੁਹਾਡਾ ਕੈਨੇਡਾ ਵਿੱਚ ਰਹਿੰਦੇ ਹੋਣਾ ਜ਼ਰੂਰੀ ਹੈ।

**ਕਿਹੜੀਆਂ ਚੀਜ਼ਾਂ ਨੂੰ $1,000 ਦੀ ਆਮਦਨ ਵਿੱਚ ਗਿਣਿਆ ਜਾਂਦਾ ਹੈ ਜੋ ਮੈਂ ਕਮਾ ਸਕਦਾ/ਦੀ ਹਾਂ?**

$1,000 ਵਿੱਚ ਰੁਜ਼ਗਾਰ ਅਤੇ/ਜਾਂ ਸਵੈ-ਰੁਜ਼ਗਾਰ ਆਮਦਨ ਸ਼ਾਮਲ ਹੈ। ਇਸ ਵਿੱਚ ਹੋਰਨਾਂ ਤੋਂ ਇਲਾਵਾ ਇਹ ਸ਼ਾਮਲ ਹਨ: ਉਹ ਬਖਸ਼ੀਸ਼ਾਂ ਜੋ ਤੁਸੀਂ ਕੰਮ ਕਰਦੇ ਹੋਏ ਕਮਾ ਸਕਦੇ ਹੋ, ਯੋਗਤਾ ਪੂਰੀ ਨਾ ਕਰਨ ਵਾਲੇ ਮੁਨਾਫੇ (dividends); ਮਾਣ-ਭੱਤਾ (ਉਦਾਹਰਨ ਲਈ ਸੰਕਟਕਾਲੀ ਸੇਵਾ ਦੇ ਵਲੰਟੀਅਰਾਂ ਨੂੰ ਦਿੱਤੀਆਂ ਜਾਂਦੀਆਂ ਨਿਗੂਣੀਆਂ ਰਕਮਾਂ) ਅਤੇ ਰੌਇਲਟੀਆਂ (ਉਦਾਹਰਨ ਲਈ ਜੋ ਕਲਾਕਾਰਾਂ ਨੂੰ ਦਿੱਤੀਆਂ ਜਾਂਦੀਆਂ ਹਨ)।

ਹਾਲਾਂਕਿ, ਉਹ ਰੌਇਲਟੀ ਭੁਗਤਾਨ ਉਸ ਵਿਸ਼ੇਸ਼ ਲਾਭ ਮਿਆਦ ਦੌਰਾਨ ਆਮਦਨ ਵਿੱਚ ਨਹੀਂ ਗਿਣੇ ਜਾਂਦੇ ਜੋ ਕਿਸੇ ਵਿਅਕਤੀ ਦੇ ਉਸ ਮਿਆਦ ਵਾਸਤੇ Canada Emergency Response Benefit ਲਈ ਅਰਜ਼ੀ ਦੇਣ ਤੋਂ ਪਹਿਲਾਂ ਕੀਤੇ ਗਏ ਕੰਮ ਤੋਂ ਪ੍ਰਾਪਤ ਹੋਏ ਸਨ।

ਪੈਨਸ਼ਨਾਂ, ਵਿਦਿਆਰਥੀ ਕਰਜ਼ੇ ਅਤੇ ਵਜ਼ੀਫੇ ਰੁਜ਼ਗਾਰ ਆਮਦਨ ਨਹੀਂ ਹਨ ਅਤੇ ਇਸ ਕਰਕੇ, ਇਹਨਾਂ ਨੂੰ $1000 ਵਿੱਚ ਸ਼ਾਮਲ ਨਹੀਂ ਕਰਨਾ ਚਾਹੀਦਾ।

ਆਮਦਨ ਦੀ ਪੁਸ਼ਟੀ ਕਰਨ ਲਈ ਅਰਜ਼ੀਆਂ ਦੀ ਤਸਦੀਕ ਟੈਕਸ ਰਿਕਾਰਡਾਂ ਦੇ ਮੱਦੇ ਨਜ਼ਰ ਕੀਤੀ ਜਾਵੇਗੀ।